ECONSPEAK: A Journal of Advances in Management IT & Social Sciences,
Vol. 14, Issue 10, October 2024 Impact Factor 8.049 ISSN: (2231-4571)
www.skirec.org Email Id: skirec.org@gmail.com
RESEARCHERID
THOMSON REUTERS

# ਭਾਰਤੀ/ਪੰਜਾਬੀ ਸਮਾਜ ਵਿਚ ਨਾਰੀ ਬਿੰਬ ਦੀ ਨਿਰਮਾਣਕਾਰੀ ਦਾ ਸਿਧਾਂਤ

ਡਾ. ਹਰਵਿੰਦਰ ਕੌਰ

ਸਹਾਇਕ ਪ੍ਰੋਫ਼ੈਸਰ ,ਪੰਜਾਬੀ ਵਿਭਾਗ

ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ।

ਆਦਿ ਕਾਲ ਤੋਂ ਸੰਸਾਰ ਦੀਆਂ ਭੌਤਿਕ ਪ੍ਰਸਥਿਤੀਆਂ ਦਵੰਦਆਤਮਕ ਗਤੀ ਵਿੱਚ ਰਹੀਆਂ ਹਨ ਜਿਸ ਵਿਚੋਂ ਵਿਭਿੰਨ ਨਸਲਾਂ ਤੇ ਜੀਵ ਉਤਪੰਨ ਹੋਏ ਸਗੋਂ ਸਮਾਜਿਕ ਚੇਤਨਾ ਦੇ ਵਿਭਿੰਨ ਰੂਪ ਉੱਪਜਦੇ ਤੇ ਵਿਗਸਦੇ ਰਹੇ ਹਨ। ਮਨੁੱਖ ਇਸ ਪ੍ਰਕਿਰਤੀ ਦਾ ਸਭ ਤੋਂ ਚੇਤਨ ਪ੍ਰਾਣੀ ਹੈ। ਉਸਨੇ ਆਪਣੀ ਚੇਤੰਨਤਾ ਨਾਲ ਆਪਣੇ ਆਪ ਨੂੰ ਪਸ਼ੂ ਜਗਤ ਤੋਂ ਅਲੱਗ ਕਰਕੇ ਅਤੇ ਇਸ ਪ੍ਰਕਿਰਤੀ ਦੀਆਂ ਸਹਿਜ ਕਿਰਿਆਵਾਂ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ। ਭੋਜਨ ਦੀ ਭਾਲ ਲਈ ਉਹ ਇਕ ਥਾਂ ਤੋਂ ਦੂਜੀ ਥਾਂ ਜਾਂਦਾ ਰਿਹਾ। ਸਮੇਂ ਦੇ ਪਰਿਵਰਤਨ ਨਾਲ ਉਸਨੇ ਸਥਾਈ ਤੌਰ 'ਤੇ ਰਹਿਣਾ ਸ਼ੁਰੂ ਕਰ ਦਿੱਤਾ। ਪ੍ਰਕਿਰਤੀ ਵੱਲੋਂ ਮਾਨਵ ਨੂੰ ਬਾਕੀ ਜੈਵਿਕ ਪ੍ਰਾਣੀਆਂ ਨਾਲੋਂ ਵਧੇਰੇ ਸੋਚਣ ਦੀ ਸੂਝ-ਬੂਝ ਮਿਲੀ ਹੈ। ਇਸ ਕਰਕੇ ਹੀ ਮਾਨਵ ਹੋਂਦ ਸਮੁੱਚੀ ਪ੍ਰਾਣੀ ਜਗਤ ਅਤੇ ਕੁਦਰਤੀ ਭੰਡਾਰ ਦੀਆਂ ਅਮੁੱਲ ਵਸਤਾਂ ਉੱਪਰ ਆਪਣਾ ਏਕਾਧਿਕਾਰ ਮੁੱਢ ਤੋਂ ਹੀ ਬਣਾਉਂਦਾ ਆਇਆ ਹੈ। ਕੁਦਰਤ ਦੇ ਸਮੁੱਚੇ ਪ੍ਰਾਣੀਆਂ ਵਿਚ ਸਰਵੋਤਮ ਹੋਂਦ ਸਦਕਾ ਮਾਨਵ ਦਾ ਅਸਤਿਤਵ ਉਸਦੇ ਇਤਿਹਾਸ ਦੇ ਨਾਲ-ਨਾਲ ਤਰੱਕੀ ਕਰਦਾ ਆਇਆ ਹੈ। ਮਾਨਵ ਦਾ ਅਸਤਿਤਵ ਸਮਾਜਿਕ ਢਾਂਚੇ ਵਿਚ ਲਗਾਤਾਰ ਵਿਕਾਸ ਕਰਦਾ ਰਿਹਾ ਹੈ ਇਸ ਲਈ ਉਸ ਦੀ ਇੱਕ ਪਛਾਣ 'ਚ ਉਸਦਾ ਵਿਅਕਤੀਤਵ ਅਤੇ ਦੂਜੀ ਪਛਾਣ ਉਸਦੇ ਸਮਾਜਿਕ ਸੰਦਰਭ ਦੀ ਹੈ। ਜੈਵਿਕ ਆਧਾਰ ਤੇ ਮਾਨਵ ਜਾਤੀ ਦੋ ਹੋਂਦਾਂ ਵਿਚ ਵੰਡੀ ਹੋਈ ਹੈ- ਨਰ ਅਤੇ ਨਾਰੀ। ਇਹ ਹੋਂਦਾਂ ਇੱਕ ਦੂਜੇ ਦੀਆਂ ਪੂਰਵਕ ਵੀ ਹਨ। ਮਨੁੱਖੀ ਨਸਲ ਦਾ ਵਾਧਾ ਇਨ੍ਹਾਂ ਦੇ ਆਪਸੀ ਸਹਿਯੋਗ ਸਦਕਾ ਸੰਭਵ ਹੈ ਇਸ ਲਈ ਨਰ ਅਤੇ ਨਾਰੀ ਬਰਾਬਰ ਹੋਂਦ ਦੇ ਧਾਰਨੀ ਹਨ। ਨਾਰੀ ਆਪਣੀ ਕੁੱਖ ਕਰਕੇ ਸਮਾਜ ਵਿਚ ਮਹੱਤਵਪੂਰਨ ਸਥਾਨ ਹਾਸਲ ਕਰਦੀ ਹੈ ਅਤੇ ਨਰ ਆਪਣੀ ਸਰੀਰਕ ਤਾਕਤ ਕਰਕੇ ਮਹੱਤਤਾ ਰੱਖਦਾ ਹੈ।

ਨਾਰੀ ਬਿੰਬ ਦੀ ਨਿਰਮਾਣਕਾਰੀ ਨੂੰ ਸਮਝਣ ਲਈ ਸਾਨੂੰ ਇਤਿਹਾਸਕ ਪਰਿਪੇਖ ਅਤੇ ਵਿਚਾਰਧਾਰਿਕ ਨੁਕਤੇ ਤੋਂ ਤੋਂ ਸਮਝਣਾ ਜ਼ਰੂਰੀ ਹੈ ਕਿਉਂਕਿ ਵੱਖ-ਵੱਖ ਭੌਤਿਕ ਕਾਲ ਖੰਡਾਂ ਵਿੱਚ ਨਾਰੀ ਦੀ ਸਥਿਤੀ ਅਤੇ ਸਥਾਨ ਵੱਖ-ਵੱਖ ਰਹੇ ਹਨ। ਇਤਿਹਾਸਕ ਪਦਾਰਥਵਾਦੀ ਨਜ਼ਰੀਏ ਤੋਂ ਸਮਾਜ ਵਿਚ ਨਾਰੀ ਦੀ ਸਥਿਤੀ ਦਾ ਆਧਾਰ ਉਤਪਾਦਨ ਦੇ ਸਾਧਨਾਂ ਨਾਲ ਜੁੜਿਆ ਹੋਇਆ ਹੈ। ਮਾਤਰੀ ਪ੍ਰਥਾ ਤੋਂ ਪਿੱਤਰੀ ਪ੍ਰਥਾ ਦਾ ਸਫ਼ਰ ਉਤਪਾਦਨ ਦੇ ਸਾਧਨਾਂ 'ਤੇ ਮਰਦ ਦਾ ਏਕਾਧਿਕਾਰ ਹੋ ਜਾਣ ਨਾਲ ਹੀ ਅੱਗੇ ਤੁਰਦਾ ਹੈ। ਆਦਮ ਸਮਾਜ ਵਿਚ ਨਰ ਨਾਰੀ ਸਮਾਨ ਦਰਜਾ ਰੱਖਦੇ ਸੀ। ਨਿੱਜੀ ਜਾਇਦਾਦ ਦੀ ਪ੍ਰਾਪਤੀ ਅਤੇ ਮਾਲਕੀ ਨਾਲ ਨਰ ਵਿਚ ਵੱਧ ਤੋਂ ਵੱਧ ਸੰਪਤੀ ਇਕੱਠੀ ਕਰਨ ਦਾ ਲਾਲਚ ਪੈਦਾ ਹੋਇਆ ਅਤੇ ਇਹ ਸੰਪਤੀ ਆਪਣੀ ਹੀ ਸੰਤਾਨ ਵਿਚ ਸੁਰੱਖਿਅਤ ਰੱਖਣ ਦੀ ਇੱਛਾ ਪੈਦਾ ਹੋਣ ਲੱਗੀ।

ਨਵੇਂ ਔਜ਼ਾਰਾਂ ਦੀ ਆਮਦ ਨਾਲ ਨਰ ਇਕੱਲਾ ਹੀ ਸ਼ਿਕਾਰ ਤੇ ਜਾਣ ਲੱਗਾ ਅਤੇ ਨਾਰੀ ਘਰ ਦੇ ਕੰਮਾਂ ਵਿਚ ਵਿਲੀਨ ਹੋਣ ਲੱਗੀ। ਨਿਜੀ ਮਾਲਕੀ ਦੀ ਭਾਵਨਾ ਨਾਲ ਹੀ ਨਾਰੀ ਦੀ ਗ਼ੁਲਾਮੀ ਦੀ ਕਹਾਣੀ ਸ਼ੁਰੂ ਹੁੰਦੀ ਹੈ। ਨਾਰੀ ਨੂੰ ਬੱਚੇ ਪੈਦਾ ਕਰਨ ਵਾਲਾ ਇੱਕ ਸਾਧਨ ਮੰਨਿਆ ਜਾਣ ਲੱਗਾ। ਏਂਗਲਜ਼ ਇਸ ਸਥਿਤੀ ਨੂੰ ਨਾਰੀ ਦੀ ਇਤਿਹਾਸਕ ਹਾਰ ਮੰਨਦਾ ਹੈ। ਉਸ ਅਨੁਸਾਰ,

> ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ ਮਦੀਨ ਜਿਨਸ ਦੀ ਸੰਸਾਰ-ਇਤਿਹਾਸਕ ਹਾਰ ਸੀ। ਘਰ ਵਿਚ ਵੀ ਮਰਦ ਨੇ ਵਾਂਗਡੋਰ ਸੰਭਾਲ ਲਈ, ਇਸਤਰੀ ਦਾ ਦਰਜਾ ਨੀਵਾਂ ਹੋ ਗਿਆ, ਉਸਨੂੰ ਗ਼ੁਲਾਮ ਬਣਾ ਲਿਆ ਗਿਆ, ਉਹ ਮਰਦ ਦੀ ਵਾਸ਼ਨਾ ਦੀ ਗ਼ੁਲਾਮ ਬਣ ਗਈ, ਬੱਚੇ ਪੈਦਾ ਕਰਨ ਲਈ ਕੇਵਲ ਇੱਕ ਸਾਧਨ।[1]

ਆਪਣੀ ਨਿੱਜੀ ਜਾਇਦਾਦ ਆਪਣੀ ਹੀ ਸੰਤਾਨ ਤੱਕ ਸੀਮਤ ਰੱਖਣ ਲਈ ਉਸਨੂੰ ਸ਼ੁੱਧ ਸੰਤਾਨ ਦੀ ਉਤਪੱਤੀ ਦੇ ਸਿਧਾਂਤ ਦੀ ਲੋੜ ਪਈ। ਸ਼ੁੱਧਤਾ ਦੇ ਸਿਧਾਂਤ ਨੂੰ ਸਿਰੇ ਚੜਾਉਣ ਲਈ ਇਹ ਜ਼ਰੂਰੀ ਸੀ ਕਿ ਉਸ ਦੁਆਰਾ ਉਤਪੰਨ ਸੰਤਾਨ, ਉਸਦੀ ਨਾਰੀ ਦੀ ਕੁੱਖ ਵਿਚੋਂ ਹੀ ਪੈਦਾ ਹੋਵੇ ਅਤੇ ਇਹ ਸੰਭਵ ਬਣਾਉਣ ਲਈ ਉਸਦੀ ਨਾਰੀ ਕਿਸੇ ਗ਼ੈਰ ਨਰ/ਮਰਦ ਦੀ ਸੰਤਾਨ ਦੀ ਉਤਪੱਤੀ ਦਾ ਵਸੀਲਾ ਨਾ ਬਣੇ। ਇਸ ਲਈ ਨਰ ਵੱਲੋਂ ਨੈਤਿਕਤਾ, ਕੀਮਤਾਂ ਅਤੇ ਮੁੱਲ ਪ੍ਰਬੰਧ ਦੀ ਸਿਰਜਣਾ ਕੀਤੀ ਤਾਂ ਜੋ ਉਸਦੀ ਨਾਰੀ ਨੈਤਿਕਤਾ ਦੇ ਮੁੱਲ ਪ੍ਰਬੰਧਾਂ ਵਿੱਚ ਜਕੜੀ ਰਹਿ ਕੇ ਉਸਦੀ ਸ਼ੁੱਧ ਸੰਤਾਨ ਦੀ ਉਤਪਤੀ ਕਰਦੀ ਰਹੇ। ਘਰ ਅਤੇ ਪਰਿਵਾਰ ਦੀ ਸੰਸਥਾ ਵਿਚ ਰਹਿਣ ਨਾਲ ਨਾਰੀ ਮਾਨਸਿਕ ਪੱਖ ਤੋਂ ਕਮਜ਼ੋਰ ਹੋ ਗਈ ਅਤੇ ਨਰ ਮਾਨਸਿਕ ਪੱਖ ਤੋਂ ਸ਼ਕਤੀਸ਼ਾਲੀ ਹੋ ਗਿਆ। ਨਰ ਨੇ ਨਾਰੀ ਨੂੰ ਆਰਥਿਕ ਪੱਖ ਤੋਂ ਪਹਿਲਾ ਹੀ ਬੇਬਸ ਕਰ ਦਿਤਾ ਸੀ। ਕੁਦਰਤ ਵੱਲੋਂ ਮਿਲੀ ਅਮੁੱਲ ਦਾਤ ਨੂੰ ਮਰਦ ਨੇ ਆਪਣਾ ਸਭ ਤੋਂ ਕੀਮਤੀ ਹਥਿਆਰ ਬਣਾ ਲਿਆ ਅਤੇ ਆਪਣੀ ਨਰ ਔਲਾਦ ਨੂੰ ਹੀ ਆਪਣੀ ਜਾਇਦਾਦ ਦੀ ਹਿੱਸੇਦਾਰੀ ਸੌਂਪੀ। ਪਿੱਤਰੀ ਸੱਤਾ ਨੂੰ ਕਾਇਮ ਰੱਖਣ ਲਈ ਮਰਦ ਦੁਆਰਾ ਜਿਹੜੇ ਮੁੱਲ ਪ੍ਰਬੰਧ ਘੜ੍ਹੇ ਗਏ ਸਨ, ਉਹ ਲੰਮੇ ਕਾਲ ਵਿਚੋਂ ਗੁਜ਼ਰਦਿਆਂ ਸਮਾਜ, ਸੱਭਿਆਚਾਰ ਅਤੇ ਗਿਆਨ ਦੇ ਅਹਿਮ ਤੱਤ ਵਜੋਂ ਮਾਨਸਿਕਤਾ ਵਿੱਚ ਘੁੱਲ ਗਏ ਸਨ। ਇਸ ਕਰਕੇ ਮਨੂੰ ਸਿਮਰਤੀ ਅਤੇ ਤੁਲਸੀ ਦਾਸ ਦੀ ਰਮਾਇਣ ਵਿੱਚ ਔਰਤ ਦੀ ਦੂਜੈਲੀ ਸਥਿਤੀ ਨੂੰ ਸੱਭਿਆਚਾਰਿਕ ਮੁੱਲ ਪ੍ਰਬੰਧ ਵਜੋਂ ਉਭਾਰਿਆਂ ਗਿਆ। ਮਰਦ ਨੇ ਸਮੁੱਚੇ ਸਭਿਆਚਾਰ ਅਤੇ ਗਿਆਨ ਦੇ ਪ੍ਰਵਚਨ ਦੀ ਉਸਾਰੀ ਵਿਚ ਵੀ ਨਾਰੀ ਨੂੰ ਆਪਣੇ

ECONSPEAK: A Journal of Advances in Management IT & Social Sciences,
Vol. 14, Issue 10, October 2024 Impact Factor 8.049 ISSN: (2231-4571)
www.skirec.org Email Id: skirec.org@gmail.com RESEARCHERID THOMSON REUTERS

ਅਧੀਨ ਰੱਖਿਆ ਕਿਉਂਕਿ ਨਿੱਜੀ ਜਾਇਦਾਦ ਨਾਲ ਨਾਰੀ ਨੂੰ ਘਰ ਵਿਚ ਕੈਦ ਤਾਂ ਕਰ ਲਿਆ ਪਰ ਉਸ 'ਤੇ ਕਾਬੂ ਰੱਖਣਾ ਜ਼ਰੂਰੀ ਸੀ ਇਸ ਲਈ ਨਾਰੀ ਨੂੰ ਕਾਬੂ ਰੱਖਣ ਲਈ ਗਿਆਨ ਪ੍ਰਵਚਨ ਰਾਹੀਂ ਦਿੱਤਾ ਜਾਂਦਾ ਹੈ। ਤਸਕੀਨ ਦੇ ਸ਼ਬਦਾਂ ਅਨੁਸਾਰ,

> ਜਿਨ੍ਹਾਂ ਵਿਚਾਰਾਂ ਨੂੰ ਅਸੀਂ ਸਿਰਫ਼ ਸਰਵਣ ਹੀ ਕਰਦੇ ਹਾਂ, ਉਹ ਪ੍ਰਵਚਨ ਹੁੰਦਾ ਹੈ। ਪ੍ਰਵਚਨ ਦੇ ਸੰਦਰਭ ਵਿਚ ਮੇਰੀ ਰਾਏ ਹੈ ਕਿ ਜਿਸ ਵਿਚਾਰ ਨੂੰ ਸੁਣ ਕੇ ਮਨੁੱਖ ਅੰਦਰ ਉਸ ਵਿਚਾਰ ਪ੍ਰਤੀ ਸੰਦੇਹ ਨਹੀਂ ਜਾਗਦਾ, ਉਹ ਪ੍ਰਚਵਨ ਹੀ ਹੁੰਦਾ ਹੈ।[2]

ਨਾਰੀ ਨੂੰ ਵੀ ਅਜਿਹੇ ਵਿਚਾਰ ਹੀ ਸੁਣਾਏ ਜਾਂਦੇ ਹਨ ਜਿਨ੍ਹਾਂ ਪ੍ਰਤੀ ਉਹ ਕਦੇ ਸੰਦੇਹ ਨਹੀਂ ਕਰਦੀ। ਪ੍ਰਵਚਨ ਰਾਹੀਂ ਨਾਰੀ ਦੇ ਮਨ ਨੂੰ ਵਸ ਵਿਚ ਕਰਕੇ ਉਸ ਦੇ ਤਨ 'ਤੇ ਕਬਜ਼ਾ ਕੀਤਾ ਜਾਂਦਾ ਹੈ। ਪ੍ਰਵਚਨ ਸਾਡੇ ਆਲੇ-ਦੁਆਲੇ ਪਸਰੇ ਹੁੰਦੇ ਹਨ ਜੋ ਸਾਨੂੰ ਦਿਖਾਈ ਨਹੀਂ ਦਿੰਦੇ, ਇਹ ਅਦ੍ਰਿਸ਼ ਹੁੰਦੇ ਹਨ। ਨਾਰੀ ਦੇ ਵਿਚਾਰ ਉਸਦੇ ਆਪਣੇ ਨਹੀਂ ਹੁੰਦੇ ਸਗੋਂ ਸਮਾਜਿਕ ਪ੍ਰਸਥਿਤੀਆਂ ਦੀ ਦੇਣ ਹੁੰਦੇ ਹਨ। ਸਮਾਜ ਵਿਚ ਜਿੰਨੀਆਂ ਵੀ ਮਾਨਤਾਵਾਂ/ਧਾਰਨਾਵਾਂ ਬਣੀਆਂ ਹਨ ਉਹ ਔਰਤਾਂ ਲਈ ਬਣੀਆਂ ਹਨ। ਇਸ ਪ੍ਰਕਾਰ ਕਾਨੂੰਨ ਦੇ ਰੂਪ ਵਿਚ ਬਣ ਗਈਆਂ ਜਿਨ੍ਹਾਂ ਦਾ ਪਾਲਣ ਕਰਨਾ ਔਰਤ ਲਈ ਲਾਜ਼ਮੀ ਹੋ ਗਿਆ। ਜਿਵੇਂ ਕੁੜੀਆਂ ਨੇ ਹੀ ਹੁਕਮ ਦੀ ਪਾਲਣਾ ਕਰਨੀ ਹੈ, ਕੁੜੀਆਂ ਨੇ ਹੀ 'ਚੰਗੀ' ਕੁੜੀ ਬਣਨਾ ਹੈ। ਕੁੜੀਆਂ ਨੂੰ ਨੈਤਿਕਤਾ ਦੀ ਸਿਖਿਆ ਧਰਮ ਨੂੰ ਆਧਾਰ ਬਣਾ ਕੇ ਦਿੱਤੀ ਜਾਂਦੀ ਹੈ। ਮਰਦ ਨੇ ਜਿੰਨੀਆਂ ਵੀ ਮਾਨਤਾਵਾਂ ਬਣਾਈਆਂ ਹਨ ਉਹ ਸਾਰੀਆਂ ਹੀ ਨਾਰੀ ਨੂੰ ਆਪਣੇ ਅਧੀਨ ਕਰਦੇ ਹਨ। ਇਹ ਸਾਰੀਆਂ ਮਾਨਤਾਵਾਂ ਸਮੇਂ ਦੇ ਨਾਲ ਇੰਨੀਆਂ ਸਹਿਜ ਹੋ ਗਈਆਂ ਹਨ ਕਿ ਸਮੇਂ ਦੇ ਨਾਲ ਕੁਦਰਤੀ ਜਾਪਦੀਆਂ ਹਨ।

ਇਸ ਤਰੀਕੇ ਨਾਲ ਮਰਦ ਨੇ ਔਰਤ ਨੂੰ ਹਮੇਸ਼ਾ ਲਈ ਆਪਣੇ ਅਧੀਨ ਕਰ ਲਿਆ। ਉਸਦੇ ਆਲੇ-ਦੁਆਲੇ ਅਜਿਹਾ ਵਾਤਾਵਰਣ ਉਸਾਰਿਆ ਗਿਆ ਜਿਸ ਨਾਲ ਉਹ ਮਾਨਸਿਕ, ਆਰਥਿਕ ਪੱਖ ਤੋਂ ਕਮਜ਼ੋਰ ਹੁੰਦੀ ਗਈ। ਇਹ ਸਾਰੀ ਪ੍ਰਕਿਰਿਆ ਸਮਾਜਿਕ ਬਣਤਰ ਦੇ ਹੋਂਦ 'ਚ ਆਉਣ ਨਾਲ ਸ਼ੁਰੂ ਹੁੰਦੀ ਹੈ। ਸਮਾਜ ਨਾਮ ਦੀ ਸੰਸਥਾ 'ਚ ਪਰਿਵਾਰ ਮੁਢਲੀ ਸੰਸਥਾ ਹੈ। ਪਰਿਵਾਰ ਨਰ ਅਤੇ ਨਾਰੀ ਦੇ ਸੰਬੰਧਾਂ ਦੇ ਆਧਾਰ 'ਤੇ ਬਣਦਾ ਹੈ। ਨਰ ਅਤੇ ਨਾਰੀ ਜੁੱਟ ਮਿਲ ਕੇ ਪਰਿਵਾਰ ਬਣਾਉਂਦੇ ਹਨ। ਜਿਵੇਂ ਕਿ ਪਹਿਲਾ ਵੀ ਕਿਹਾ ਗਿਆ ਹੈ ਕਿ ਸਮੁੱਚੀ ਪ੍ਰਕਿਰਤੀ ਵੀ ਨਰ ਅਤੇ ਨਾਰੀ ਜੁੱਟਾਂ ਵਿਚ ਵੰਡੀ ਹੋਈ ਹੈ।

ਪਰਿਵਾਰ ਦੀ ਸੰਸਥਾ ਸਮੁੱਚੀ ਸਮਾਜਿਕ ਬਣਤਰ ਨੂੰ ਜਨਮ ਦਿੰਦੀ ਹੈ। ਨਰ ਅਤੇ ਨਾਰੀ ਦੇ ਲਿੰਗ ਸੰਬੰਧਾਂ ਅਤੇ ਉਹਨਾਂ ਦੇ ਆਰਥਿਕ ਸੰਬੰਧਾਂ ਦੇ ਆਧਾਰ 'ਤੇ ਹੀ ਸਮਾਜਿਕ ਤਾਣੇ-ਬਾਣੇ ਦਾ ਨਿਰਮਾਣ ਹੁੰਦਾ ਹੈ। ਸਮਾਜਿਕ ਬਣਤਰ ਸਾਨੂੰ ਅਜਿਹਾ ਮਾਡਲ ਪ੍ਰਦਾਨ ਕਰਦੀ ਹੈ ਜਿਸ ਨਾਲ ਅਸੀਂ ਪੁਰਸ਼ਤਵ ਅਤੇ ਨਾਰੀਤਵ ਦੀ ਵਿਚਾਰਧਾਰਾ ਨੂੰ ਸਮਝ ਸਕਦੇ ਹਾਂ ਅਤੇ ਇਹ ਮਾਡਲ ਸਾਨੂੰ ਦੱਸਦਾ ਹੈ ਕਿ ਲਿੰਗ ਸੰਬੰਧਾਂ ਦੀ ਵਿਵਸਥਾ ਨੂੰ ਸਮਾਜ ਦੁਆਰਾ ਕਿਵੇਂ ਮਾਨਤਾ ਦਿੱਤੀ ਜਾਂਦੀ ਹੈ? ਇਨ੍ਹਾਂ ਸੰਬੰਧਾਂ ਦੇ ਆਧਾਰ 'ਤੇ ਹੀ ਉਨ੍ਹਾਂ ਦੀ ਸਰੀਰਕ ਦਿੱਖ, ਪਹਿਰਾਵਾ, ਬੋਲਣ ਦੇ ਢੰਗ, ਕੰਮ, ਆਦਿ ਵੰਡ ਕੇ ਕਿਸੇ ਇੱਕ ਵਰਗ ਦੀ ਸੱਤਾ ਕਾਇਮ ਕੀਤੀ ਜਾਂਦੀ ਹੈ। ਇੱਕ ਵਰਗ ਦੀ ਸੱਤਾ ਹੀ ਵਿਅਕਤੀ ਦੀ ਕੁਦਰਤੀ ਭਿੰਨਤਾ ਨੂੰ ਅੱਖੀਓ ਓਹਲੇ ਕਰ ਕੇ ਇਸਨੂੰ ਪੁਰਸ਼ਤਵ ਅਤੇ ਨਾਰੀਤਵ ਨਾਲ ਜੋੜ ਦਿੰਦੀ ਹੈ। ਇਸ ਦੁਵੰਡ ਨੂੰ ਸਮਾਜਿਕ ਕਾਰਵਾਈਆਂ ਦੁਆਰਾ ਕਾਇਮ ਰੱਖਿਆ ਜਾਂਦਾ ਹੈ। ਸਮਾਜ ਦੁਆਰਾ ਦਿੱਤੀ ਪਛਾਣ ਲਈ ਨਰ ਅਤੇ ਨਾਰੀ ਜਵਾਬਦੇਹ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਇਸ ਪਛਾਣ ਨੂੰ ਕਾਇਮ ਰੱਖਣਾ ਹੁੰਦਾ ਹੈ। ਇਹ ਪਛਾਣ ਨਰ ਨੂੰ ਸਮਾਜ ਵਿੱਚ ਸ਼ਕਤੀਸ਼ਾਲੀ ਦਰਜਾ ਅਤੇ ਨਾਰੀ ਨੂੰ ਹੀਣ ਮੰਨਿਆ ਜਾਂਦਾ ਹੈ। ਇਸ ਭਿੰਨਤਾ ਨੂੰ ਬਿਨਾ ਕਿਸੇ ਤਰਕ ਦੇ ਆਧਾਰ 'ਤੇ ਕੁਝ ਮਿੱਥਾ ਅਨੁਸਾਰ ਕਾਇਮ ਰੱਖਿਆ ਜਾਂਦਾ ਹੈ। ਇਨ੍ਹਾਂ ਮਿੱਥਾਂ ਨੂੰ ਆਧਾਰ ਬਣਾ ਕੇ ਹੀ ਪਿਤਰੀਸੱਤਾ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦਾ ਹੈ।

ਸਮਾਜ ਵੱਲੋਂ ਨਾਰੀ ਬਿੰਬ ਦਾ ਨਿਰਮਾਣ ਕੀਤਾ ਜਾਂਦਾ ਹੈ। ਨਿਰਮਾਣਕਾਰੀ ਦੀ ਪ੍ਰਕਿਰਿਆ ਉਸਦੇ ਜਨਮ ਤੋਂ ਪਹਿਲਾ ਹੀ ਸ਼ੁਰੂ ਹੋ ਜਾਂਦੀ ਹੈ। ਬਚਪਨ ਵਿਚ ਉਸਦੇ ਖਿਡੋਣੇ ਅਲੱਗ ਕਰ ਦਿੱਤੇ ਜਾਂਦੇ ਹਨ। ਉਸਨੇ ਕਿਹੜੇ ਕੱਪੜੇ ਪਾਉਣੇ ਹਨ, ਕਿਸ ਤਰ੍ਹਾਂ ਬੋਲਣਾ ਹੈ, ਕਿਸ ਤਰ੍ਹਾਂ ਤੁਰਨਾ ਹੈ, ਕਿਸ ਤਰ੍ਹਾਂ ਖਾਣਾ ਹੈ, ਕਿਸ ਤਰ੍ਹਾਂ ਰਹਿਣਾ ਹੈ ਕਿਹੜੇ ਕੰਮ ਕਰਨੇ ਹਨ, ਆਦਿ। ਇਹ ਸਭ ਕੁਝ ਪਹਿਲਾ ਹੀ ਤੈਅ ਹੁੰਦਾ ਹੈ। ਸਮਾਜ ਦੁਆਰਾ ਇਕ ਚੋਖਟਾ ਤਿਆਰ ਕੀਤਾ ਜਾਂਦਾ ਹੈ ਜਿਸ ਵਿਚ ਨਾਰੀ ਨੇ ਫਿਟ ਹੋਣਾ ਹੁੰਦਾ ਹੈ। ਜਿਹੜੀਆਂ ਨਾਰੀਆਂ ਇਸ ਚੌਖਟੇ ਵਿੱਚ ਫਿੱਟ ਹੋ ਜਾਂਦੀਆਂ ਹਨ ਉਨ੍ਹਾਂ ਨੂੰ ਚੰਗਾ ਮੰਨਿਆਂ ਜਾਂਦਾ ਹੈ ਅਤੇ ਜਿਹੜੀਆਂ ਫਿੱਟ ਨਹੀਂ ਹੁੰਦੀਆਂ ਉਨ੍ਹਾਂ ਨੂੰ ਬਗ਼ਾਵਤੀ ਕਰਾਰ ਕਰ ਕੇ ਸਮਾਜ ਵੱਲੋਂ ਤਿਆਗਿਆ ਜਾਂਦਾ ਹੈ। ਸਮਾਜ ਵਿਚ ਨਾਰੀ ਦਾ ਆਪਣਾ ਕੋਈ ਅਸਤਿਤਵ ਨਹੀਂ ਹੈ। ਨਾਰੀ ਦੁਆਲੇ ਅਜਿਹੀਆਂ ਸਥਿਤੀਆਂ ਉਸਾਰੀਆਂ ਜਾਂਦੀਆਂ ਹਨ ਜਿਸ ਰਾਹੀਂ ਉਹ ਆਪਣੇ ਆਪ ਹੀ ਨਾਰੀਤਵ ਨੂੰ ਗ੍ਰਹਿਣ ਕਰ ਲੈਂਦੀ ਹੈ। ਨਾਰੀਤਵ ਦਾ ਸੰਕਲਪ ਔਰਤ ਨੂੰ ਝੂਠੀ ਸੰਪੂਰਨਤਾ ਦੇਣ ਦਾ ਮਰਦਾਵੀਂ ਸੰਕਲਪ ਹੈ। ਮਾਂ ਦੀ ਮਿੱਥ, ਭੈਣਾਂ ਅਤੇ ਧੀਆਂ ਤੋਂ ਮੰਗ ਕੀਤੀ ਜਾਂਦੀ ਹੈ ਆਪਣੀਆਂ ਇਛਾਵਾਂ ਨੂੰ ਕੁਰਬਾਨ ਦੀ। ਜਿਹੜੀਆਂ ਇਸ ਤਰ੍ਹਾਂ ਕਰਦੀਆਂ ਹਨ ਉਹ ਸੁਚੱਜੀਆਂ ਅਤੇ ਜਿਹੜੀਆਂ ਇਸ ਤਰ੍ਹਾਂ ਨਹੀਂ ਕਰਦੀਆਂ ਉਹ ਕੁਚੱਜੀਆਂ/ਬਗ਼ਾਵਗੀ ਮੰਨੀਆਂ ਜਾਂਦੀਆਂ ਹਨ। ਨਾਰੀ ਦੀ ਸਥਿਤੀ ਨੂੰ ਓਦਾਂ ਦਾ ਬਣਨ ਲਈ ਸਮਾਜਿਕ,

ECONSPEAK: A Journal of Advances in Management IT & Social Sciences,
Vol. 14, Issue 10, October 2024 Impact Factor 8.049 ISSN: (2231-4571)
www.skirec.org Email Id: skirec.org@gmail.com RESEARCHERID THOMSON REUTERS

ਪਰਿਵਾਰਿਕ ਪ੍ਰਸਥਿਤੀਆਂ ਘੜ੍ਹੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਘੜੀਆਂ ਪ੍ਰਸਥਿਤੀਆਂ ਵਿਚ ਉਹ ਆਪਾ ਗਵਾ ਕੇ ਇੱਕ ਵੱਖਰਾ ਬਿੰਬ ਗ੍ਰਹਿਣ ਕਰ ਲੈਂਦੀ ਹੈ ਜੋ ਹਮੇਸ਼ਾ ਲਈ ਹੀਣ ਮੰਨਿਆਂ ਜਾਂਦਾ ਹੈ। ਪਰੰਤੂ ਜੇਕਰ ਨਾਰੀ ਨੂੰ ਪਰਿਵਾਰ ਵਿਚ ਮੁੰਡੇ ਦੇ ਬਰਾਬਰ ਅਧਿਕਾਰ ਮਿਲਣ ਤਾਂ ਉਸਦੀ ਸਮਾਜਿਕ ਸਥਿਤੀ ਵਿਚ ਸੁਧਾਰ ਆ ਸਕਦਾ ਹੈ। ਅਸਲ ’ਚ ਅਜਿਹਾ ਨਹੀਂ ਕੀਤਾ ਜਾਂਦਾ। ਪਿੱਤਰਸੱਤਾ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਨਾਰੀ ਬਿੰਬ ਨੂੰ ਘੜਦੀ ਹੈ। ਅਤੇ ਉਸਨੂੰ ਦੁਜੈਲੀ ਪੁਜ਼ੀਸਨ ਹੀ ਪ੍ਰਦਾਨ ਕਰਦੀ ਹੈ। ਜਿਸ ਤਰ੍ਹਾਂ ਪ੍ਰਸਿੱਧ ਨਾਰੀਵਾਦੀ ਸੀਮੋਨ ਦਾ ਵਿਚਾਰ ਹੈ ਕਿ ਔਰਤ ਜੰਮਦੀ ਔਰਤ ਨਹੀਂ ਹੁੰਦੀ ਸਗੋਂ ਉਸਨੂੰ ਔਰਤ ਬਣਾ ਦਿੱਤਾ ਜਾਂਦਾ ਹੈ।[3]

ਉਪਰੋਕਤ ਅਨੁਸਾਰ ਨਾਰੀ ਨੂੰ ਸਮਾਜ ਵੱਲੋਂ ਬਣਾਇਆ ਜਾਂਦਾ ਹੈ ਅਤੇ ਉਸਨੂੰ ਸਿਰਫ਼ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਿਆ ਜਾਂਦਾ ਹੈ। ਸਮਾਜ ਵੱਲੋਂ ਨਾਰੀ ਉੱਤੇ ਲੱਗੀਆਂ ਮਾਨਤਾਵਾਂ/ਧਾਰਨਾਵਾਂ ਉਸ ਨੂੰ ਸੁਭਾਵਿਕ ਪ੍ਰਤੀਤ ਹੋਣ ਲੱਗੀਆਂ ਹਨ, ਜਿਨ੍ਹਾਂ ਨੂੰ ਸਮਾਜ ਆਪਣੇ ਕਾਬੂ ਵਿਚ ਰੱਖਦਾ ਹੈ। ਜਿਸ ਨਾਲ ਨਾਰੀ ਦਾ ਦੁਜੈਲਾ ਦਰਜਾ ਹੋਰ ਵੀ ਪੀਂਡਾ ਹੁੰਦਾ ਹੈ। ਸਮਾਜ ਵਿਚ ਨਰ ਨੂੰ ਸ਼ਕਤੀਸ਼ਾਲੀ ਅਤੇ ਨਾਰੀ ਨੂੰ ਹੀਣ ਮੰਨਿਆ ਜਾਂਦਾ ਹੈ। ਪਿੱਤਰੀਸੱਤਾ ਦਾ ਢਾਂਚਾ ਇਸ ਜੈਵਿਕ ਭਿੰਨਤਾ ’ਤੇ ਹੀ ਟਿਕਿਆ ਹੋਇਆ ਹੈ। ਜਦਕਿ ਅਜਿਹਾ ਨਹੀਂ ਹੈ ਨਾਰੀ ਵੀ ਸਰੀਰਕ ਪੱਖ ਤੋਂ ਸ਼ਕਤੀਸ਼ਾਲੀ ਹੋ ਸਕਦੀ ਹਨ। ਨਰ ਅਤੇ ਨਾਰੀ ਇੱਕੋ ਕਿਸਮ(Homogenous)ਦੇ ਨਹੀਂ ਸਗੋਂ ਉਨ੍ਹਾਂ ਵਿਚ ਭਿੰਨਤਾ ਪਾਈ ਜਾਂਦੀ ਹੈ। ਨਰ ਦੀ ਜੈਵਿਕ ਬਣਤਰ ਅਤੇ ਨਾਰੀ ਦੀ ਜੈਵਿਕ ਬਣਤਰ ਵਿਚ ਭਿੰਨਤਾ ਹੈ ਅਤੇ ਸਮਾਜ ਨੇ ਸਿਰਫ਼ ਲਿੰਗ ਭਿੰਨਤਾ ਦੇ ਆਧਾਰ ’ਤੇ ਹੀ ਨਰ ਨੂੰ ਸ਼ਕਤੀਸ਼ਾਲੀ ਅਤੇ ਨਾਰੀ ਨੂੰ ਕਮਜ਼ੋਰ ਪੁਜ਼ੀਸਨ ’ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਅਤੇ ਬਾਕੀ ਪੱਖਾਂ ਨੂੰ ਅੱਖੀਉ ਓਹਲੇ ਕਰ ਦਿੱਤਾ ਹੈ ਜਿਵੇਂ ਵਰਗ, ਜਾਤ, ਆਰਥਿਕਤਾ, ਉਮਰ, ਕਾਮੁਕਤਾ ਆਦਿ। ਇਹ ਪੱਖ ਵੀ ਨਰ ਅਤੇ ਨਾਰੀ ਦੀ ਸਥਿਤੀ ਨੂੰ ਪ੍ਰਭਾਵਿਤ ਕਰਦੇ ਹਨ ਕਿਉਂਕਿ ਪਿਤਰੀਸੱਤਾ ਨੇ ਸਮਾਨ-ਲਿੰਗ ਭਿੰਨਤਾ ਨੂੰ ਅੱਖੀਓ ਓਹਲੇ ਕਰ ਦਿੱਤਾ ਹੈ ਅਤੇ ਕੇਂਦਰ ਵਿਚ ਸਿਰਫ਼ ਲਿੰਗ ਭਿੰਨਤਾ ਹੈ। ਇਸ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਔਰਤਾਂ ਪੁਰਸ਼ਾਂ ਤੋਂ ਕਮਜ਼ੋਰ ਹੁੰਦੀਆਂ ਹਨ। ਇਸ ਦੀ ਪੁਸ਼ਟੀ ਜਸਟਿਨ ਨੇ ਕੀਤੀ ਹੈ। ਜਿਵੇਂ :

> ਔਰਤਾਂ ਅਤੇ ਮਰਦ ਇੱਕੋ ਸ਼੍ਰੇਣੀ ਦੇ ਨਹੀਂ ਹੁੰਦੇ, ਇਸ ਲਈ ਗਰੁੱਪ ਦੇ ਅੰਦਰ ਵੀ ਪਰਿਵਰਤਨ
>
> ਉਮਰ, ਸਮਾਜਿਕ-ਆਰਥਿਕ ਵਰਗ, ਨਸਲ, ਲਿੰਗਕਤਾ ਅਤੇ ਵਿਅਕਤੀਗਤ ਭਿੰਨਤਾ ਦੇ ਅਨੁਸਾਰ
>
> ਮੌਜੂਦ ਹੈ। ਦਾਅਵਾ ਕੀਤਾ ਜਾਂਦਾ ਹੈ ਕਿ ਔਰਤਾਂ ਨਾਲੋਂ ਮਰਦ ਤਾਕਤਵਰ ਹਨ, ਦੋਨੋ ਸਮਾਨ-ਲਿੰਗ

ਭਿੰਨਤਾ ਨੂੰ ਨਜ਼ਰਅੰਦਾਜ਼ ਕਰਦਾ ਹੈ ਅਤੇ ਇਹ ਤੱਥ ਕਿ ਕੁਝ ਔਰਤਾਂ ਪੁਰਸ਼ਾਂ ਨਾਲੋਂ ਤਾਕਤਵਰ ਹੁੰਦੀਆਂ ਹਨ।[4]

ਭਾਵੇਂ ਕਿਰਤ ਦੀ ਲਿੰਗਵਾਦੀ ਵੰਡ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦੀ ਹੈ। ਘਰ ਵਿਚ ਰਹਿਣ ਨਾਲ ਨਾਰੀ ਦੇ ਹਿੱਸੇ ਘਰ ਦੇ ਕੰਮ ਆਏ ਜਿਸ ਨੇ ਨਾਰੀ ਦੀ ਸਖ਼ਸੀਅਤ ਨੂੰ ਨਾਰੀਤਵ ਨਾਲ ਜੋੜ ਦਿੱਤਾ ਗਿਆ। ਜਿਵੇਂ ਘਰ ਦੀ ਦੇਖਭਾਲ ਕਰਨਾ, ਬੱਚਿਆਂ ਦੀ ਸੰਭਾਲ, ਚੁਲੇ ਚੌਕੇ ਦਾ ਕੰਮ, ਬਜ਼ੁਰਗਾਂ ਦੀ ਸਾਂਭ ਸੰਭਾਲ ਆਦਿ ਕੰਮ ਦਿੱਤੇ ਗਏ।ਉਸਦੀ ਜੈਵਿਕ ਭਿੰਨਤਾ ਨੂੰ ਉਸਦੇ ਸਰੀਰ ਨਾਲ ਜੋੜ ਕੇ ਕਿਰਤ ਦੀ ਲਿੰਗਵਾਦੀ ਵੰਡ ਕਰ ਦਿੱਤੀ ਜਾਂਦੀ ਹੈ। ਉਸ ਨੂੰ ਘਰ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ।ਨਾਰੀ ਤੋਂ ਉਮੀਦਾਂ ਰੱਖੀਆਂ ਜਾਂਦੀ ਹਨ ਤਾਂ ਜੋ ਉਹ ਸੌਂਪੇ ਹੋਏ ਕੰਮਾਂ ਨੂੰ ਤਨਦੇਹੀ ਨਾਲ ਕਰੇ ਅਤੇ ਨਾਰੀ ਇਸ ਸਥਿਤੀ ਨੂੰ ਸੁਭਾਵਿਕ ਮੰਨ ਲੈਂਦੀ ਹੈ। ਔਰਤਾਂ ਭਾਵੁਕ ਹੁੰਦੀਆਂ ਹਨ ਇਸ ਲਈ ਉਹ ਬੱਚਿਆਂ ਦੀ ਦੇਖਭਾਲ ਕਰਦੀਆਂ ਹਨ ਕਿਉਂਕਿ ਉਨ੍ਹਾਂ ਬੱਚੇ ਦੇ ਜਨਮ ਤੋਂ ਪਹਿਲਾ ਵੀ ਬੜਾ ਕੁਝ ਸਹਿਣ ਕੀਤਾ ਹੁੰਦਾ ਹੈ। ਮਰਦ ਜਿਆਦਾ ਗੁੱਸੇ ਵਾਲੇ ਹੁੰਦੇ ਹਨ ਇਸ ਲਈ ਉਹ ਬੱਚਿਆਂ ਦੀ ਦੇਖਭਾਲ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਨਾਰੀ ਸਮਾਜ ਵੱਲੋਂ ਦਿੱਤੇ ਕੰਮਾਂ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੀ ਹੈ ਪਰ ਸਮਾਜ ਨਾਰੀ ਨੂੰ ਘਰ ਦੇ ਕੰਮਾਂ ਤੱਕ ਮਹਿਦੂਦ ਹੀ ਕਿਉਂ ਰੱਖਿਆ ਗਿਆ ਅਤੇ ਨਾਰੀ ਹੀ ਬੱਚਿਆਂ ਦੀ ਸਹੀ ਦੇਖਭਾਲ ਕਰ ਸਕਦੀ ਹੈ, ਇਸ ਦਾ ਕੋਈ ਤਰਕ ਸਮਾਜ ਵੱਲੋਂ ਨਹੀਂ ਦਿੱਤਾ। ਨਾਰੀ ਦੀਆਂ ਜਣਨ ਸੰਬੰਧੀ ਵਿਸ਼ੇਸ਼ਤਾਵਾਂ ਨੂੰ ਭੰਨ-ਤੋੜ ਕੇ ਦੱਸਿਆ ਜਾਂਦਾ ਹੈ। ਨਰ ਅਤੇ ਨਾਰੀ ਵਿਚ ਕੰਮ ਕਰਨ ਦੀ ਇਕੋ ਜਿਨੀ ਸਮਰੱਥਾ ਹੁੰਦੀ ਹੈ ਜੇਕਰ ਬਚਪਨ ਵਿੱਚ ਹੀ ਨਰ ਅਤੇ ਨਾਰੀ ਦਾ ਨਿਰਮਾਣ ਸਹੀ ਤਰੀਕੇ ਨਾਲ ਕੀਤਾ ਜਾਵੇ। ਜਸਟਿਨ ਅਨੁਸਾਰ,

> ਪ੍ਰਵਚਨ ਇਹ ਹੈ ਕਿ ਇਹ ਔਰਤਾਂ ਦੀ ਜਣਨ ਸਮਰੱਥਾ ਦਾ ਮਹੱਤਵ ਵਧਾ ਕੇ ਅਤੇ ਤੋੜ-ਭੰਨ ਕੇ ਸਮਾਜਿਕ ਖੇਤਰ ਤੱਕ ਲੈ ਆਉਂਦਾ ਹੈ ਅਤੇ ਇਹ ਦੱਸਣ ਵਿਚ ਫੇਲ ਹੋ ਜਾਂਦਾ ਹੈ ਕਿ ਨਾਰੀਤਵ ਦੇ ਮੁਕਾਬਲੇ ਮਰਦਾਂ ਦੀ ਕਦਰ ਕਿਉਂ ਜ਼ਿਆਦਾ ਹੈ। ਯਕੀਨਨ ਮਰਦ ਅਤੇ ਔਰਤ ਦੋਨਾਂ ਵਿਚ ਦੇਖ-ਭਾਲ ਕਰਨ ਦੀ ਸਮਰੱਥਾ ਹੈ।[5]

21ਵੀ ਸਦੀ ਦੇ ਉਤਰ-ਨਾਰੀਵਾਦੀ ਯੁੱਗ ਵਿਚ ਘਰ ਦੀਆਂ ਜ਼ੁੰਮੇਵਾਰੀਆਂ ਦੀ ਵੰਡ ਬਦਲਣ ਚਾਹੀਦੀ ਸੀ ਜੋ ਨਹੀਂ ਬਦਲੀ। ਕੰਮ ਦੀ ਦੁਵੰਡ ਉਸੇ ਤਰ੍ਹਾਂ ਹੀ ਚੱਲਦੀ ਆ ਰਹੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਔਰਤਾਂ ਘਰ ਤੋਂ ਬਾਹਰ ਜਾ ਕੇ ਵੀ ਕੰਮ ਕਰਦੀਆਂ ਹਨ। ਇਸ ਛੋਟੇ ਜਿਹੇ ਵਰਗ ਨੇ ਉਚਾਈਆਂ ਨੂੰ ਛੂਹ ਲਿਆ ਹੈ ਜਿਵੇਂ ਖੇਡਾਂ, ਰਾਜਨੀਤੀ, ਮੀਡੀਆ, ਵਪਾਰ ਆਦਿ ਵਰਗੇ ਖੇਤਰਾਂ ਵਿਚ ਕੰਮ ਕਰਦੀਆਂ ਹਨ। ਪਰ ਦੂਜੇ ਪਾਸੇ ਉਹ ਔਰਤਾਂ ਵੀ ਹਨ ਜੋ ਘਰ ਵਿਚ ਕੰਮ ਕਰਦੀਆਂ ਹਨ, ਉਹ ਵਰਗ ਵੀ ਮੌਜੂਦ ਹੈ ਜੋ ਪਾਰਟ ਟਾਈਮ ਕੰਮ ਕਰਦੀਆਂ ਹਨ ਜਾਂ ਔਰਤਾਂ ਦਾ ਉਹ ਵਰਗ ਵੀ ਮੌਜੂਦ ਹੈ। ਇਨ੍ਹਾਂ ਵਿਚੋਂ ਜਿਹੜੀਆਂ ਔਰਤਾਂ ਨੂੰ ਜਿਆਦਾ ਉਜ਼ਰਤ ਦਿੱਤੀ ਜਾਂਦੀ ਹੈ ਉਨ੍ਹਾਂ ਨੂੰ ਵੀ ਕਿਤੇ ਨਾ ਕਿਤੇ ਅਸਮਾਨਤਾ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਬਾਕੀ ਵੱਖ-ਵੱਖ ਵਰਗਾਂ ਦੀਆਂ ਔਰਤਾਂ ਨੂੰ ਅਸਮਾਨਤਾ ਦਾ ਸਾਮ੍ਹਣਾ ਤਾਂ ਹੀ ਕਰਨਾ ਪੈਦਾ ਹੈ। ਅਸਲ 'ਚ ਜਦੋਂ ਤੱਕ ਪਰਿਵਾਰ ਵਿਚ ਸਮਾਨਤਾ ਨਹੀਂ ਦਿੱਤੀ ਜਾਂਦੀ ਉਦੋਂ ਤੱਕ ਔਰਤਾਂ ਨੂੰ ਰਾਜਨੀਤੀ, ਖੇਡਾਂ, ਜਾਂ ਕੰਮ ਕਰਨ ਵਾਲੀਆਂ ਥਾਵਾਂ 'ਤੇ ਸਮਾਨਤਾ ਨਹੀਂ ਮਿਲ ਸਕਦੀ। ਔਰਤਾਂ ਘਰ ਦਾ ਕੰਮ ਵੀ ਕਰਦੀਆਂ ਹਨ ਅਤੇ ਬਾਹਰਲੇ ਕੰਮ ਵੀ। ਉਹ ਆਪਣੇ ਘਰ ਤੋਂ ਬਾਹਰਲੇ ਕੰਮ ਨੂੰ ਜ਼ਿਆਦਾ ਸਮਾਂ ਨਹੀਂ ਦੇ ਪਾਉਦੀਆਂ ਇਸ ਲਈ ਕੁਝ ਔਰਤਾਂ ਨੂੰ ਪਾਰਟ ਟਾਈਮ ਕੰਮ ਕਰਨਾ ਪੈਂਦਾ ਹੈ। ਅਜਿਹੀਆਂ ਨਾਰੀਆਂ ਜਿਆਦਾ ਤਰੱਕੀ ਨਹੀਂ ਕਰਦੀਆਂ। ਉਹ ਆਪਣੀਆਂ ਇਛਾਵਾਂ ਨੂੰ ਮਾਰ ਲੈਂਦੀਆਂ ਹਨ। ਪਰ ਜੇਕਰ ਮਰਦਾਂ ਦੀ ਪੁਜ਼ੀਸਨ ਨੂੰ ਦੇਖਿਆ ਜਾਵੇ ਤਾਂ ਉਹ ਔਰਤਾਂ ਦੇ ਮੁਕਾਬਲੇ ਜ਼ਿਆਦਾ ਤਰੱਕੀ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਘਰ ਦੀ ਕੋਈ ਜ਼ੁੰਮੇਵਾਰ ਨਹੀਂ ਉਠਾਉਣੀ ਹੁੰਦੀ ਅਤੇ ਉਹ ਦੇਰ ਰਾਤ ਤੱਕ ਘਰ ਆ ਸਕਦੇ ਹਨ, ਉਨ੍ਹਾਂ ਤੇ ਸਮੇਂ ਦੀ ਕੋਈ ਪਾਬੰਦੀ ਨਹੀਂ ਹੁੰਦੀ। ਉਹ ਆਪਣਾ ਪੂਰਾ ਸਮਾਂ ਆਪਣੇ ਕੰਮ ਨੂੰ ਦਿੰਦੇ ਹਨ ਇਸ ਲਈ ਤਨਖਾਹਾਂ ਵਿਚ ਵੀ ਅੰਤਰ ਪਾਇਆ ਹੈ। ਸੂਸੇਨ ਨੇ ਇਸ ਚੱਕਰ ਨੂੰ ਸਪੱਸ਼ਟ ਕੀਤਾ ਹੈ ਕਿ ਨਰ ਅਤੇ ਨਾਰੀ ਦੀਆਂ ਤਨਖਾਹਾਂ ਵਿਚ ਅੰਤਰ ਕਿਉ ਪਾਇਆ ਜਾਂਦਾ ਹੈ? ਕਿਉਂ ਮਰਦ ਜਿਆਦਾ ਕਮਾਉਂਦੇ ਹਨ? ਉਸ ਨੇ ਇਸ ਅਦ੍ਰਿਸ਼ ਚੱਕਰ ਨੂੰ ਸਾਡੇ ਸਾਮ੍ਹਣੇ ਰੱਖਿਆ ਹੈ। ਅਸਲ ਵਿਚ ਪਰਿਵਾਰ ਦੀ ਸ਼ਕਤੀ ਬਣਤਰ ਹੀ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਪਤੀ ਜਿਆਦਾ ਕਮਾਉਂਦੇ ਹਨ ਅਤੇ ਨਾ ਬਰਾਬਰਤਾ ਦਾ ਇਹ ਚੱਕਰ ਚੱਲਦਾ ਰਹਿੰਦਾ ਹੈ। ਉਸ ਅਨੁਸਾਰ,

> ਬਹੁਤ ਸਾਰੇ ਕਾਰਕ, ਜਿਨਸੀ ਭੇਦਭਾਵ ਅਤੇ ਕਾਰਜ ਸਥਾਨ ਦੇ ਵਿਤਕਰੇ ਸ਼ਾਮਲ ਹਨ, ਆਪਣੇ ਪ੍ਰਭਾਵਾਂ ਵਿਚ ਚੱਕਰਵਰਤੀ ਹੁੰਦੇ ਹਨ, ਪਤਨੀਆਂ ਆਪਣੇ ਕੰਮਕਾਜ ਵਿੱਚ ਆਪਣੇ ਪਤੀਆਂ ਨਾਲੋਂ ਹੌਲੀ-ਹੌਲੀ ਅੱਗੇ ਵੱਧਦੀਆਂ ਹਨ ਅਤੇ ਇਸ ਤਰ੍ਹਾਂ ਉਹ ਘੱਟ ਸੀਨੀਅਰਤਾ ਹਾਸਲ ਕਰਦੀਆਂ ਹਨ,

ਸਮੇਂ ਦੇ ਨਾਲ ਉਨ੍ਹਾਂ ਦੀ ਤਨਖ਼ਾਹ ਵਿੱਚ ਫ਼ਰਕ ਵੱਧਦਾ ਹੈ। ਪਰਿਵਾਰ ਦਾ ਸ਼ਕਤੀ ਢਾਂਚਾ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਪਤੀ ਆਮ ਤੌਰ 'ਤੇ ਜ਼ਿਆਦਾ ਕਮਾਉਂਦੇ ਹਨ। ਇਸ ਤਰ੍ਹਾਂ ਅਸਮਾਨਤਾ ਦਾ ਚੱਕਰ ਕਾਇਮ ਰਹਿੰਦਾ ਹੈ।[6]

ਕਿਰਤ ਦੀ ਲਿੰਗਵਾਦੀ ਵੰਡ ਕੁਦਰਤੀ ਨਹੀਂ ਹੈ ਕਿ ਨਾਰੀ ਨੇ ਘਰ ਦੇ ਹੀ ਕੰਮ ਕਰਨੇ ਹਨ ਅਤੇ ਪੁਰਸ਼ਾਂ ਨੇ ਘਰ ਤੋਂ ਬਾਹਰਲੇ ਕੰਮ ਕਰਨੇ ਹਨ। ਘਰ ਦੇ ਕੰਮਾਂ ਦੀ ਉਜ਼ਰਤ ਨਹੀਂ ਦਿੱਤੀ ਜਾਂਦੀ ਜਦਕਿ ਘਰ ਤੋਂ ਬਾਹਰਲੇ ਕੰਮਾਂ ਦੀ ਉਜ਼ਰਤ ਮਿਲਦੀ ਹੈ ਅਤੇ ਸਮਾਜ ਦੁਆਰਾ ਇਨ੍ਹਾਂ ਨੂੰ ਪ੍ਰਵਾਨ ਵੀ ਕੀਤਾ ਜਾਂਦਾ ਹੈ। ਘਰ ਦੇ ਕੰਮਾਂ ਨੂੰ ਨੌਕਰੀ ਵਾਂਗ ਨਹੀਂ ਦੇਖਿਆ ਜਾਂਦਾ ਕਿਉਂਕਿ ਇਹ ਕੰਮ ਕੰਮ ਨਹੀਂ ਮੰਨੇ ਜਾਂਦੇ। ਘਰ ਦੇ ਕੰਮਾਂ ਦੀ ਵਗਾਰ ਅਤੇ ਘੱਟ ਉਜ਼ਰਤ ਵਾਲੇ ਕੰਮ ਹਮੇਸ਼ਾ ਨਾਰੀ ਦੇ ਹੀ ਹਿੱਸੇ ਆਏ ਹਨ। ਜਦੋਂ ਨਾਰੀ ਦੇ ਕੰਮਾਂ ਦੀ ਪੇਸ਼ੇਵਰ ਕੀਮਤ ਪੈਂਦੀ ਹੈ ਤਾਂ ਉੱਥੇ ਵੀ ਮਰਦਾ ਦੀ ਸਰਦਾਰੀ ਪੈਦਾ ਹੋ ਜਾਂਦਾ ਹੈ। ਮੰਡੀ ਦੇ ਦੌਰ ਵਿਚ ਵੱਡੇ ਵੱਡੇ ਰੇਸਤਰਾਂ ਵਿਚ ਮਰਦਾਂ ਦੀ ਸਰਦਾਰੀ ਕਾਇਮ ਹੈ। ਨਿਵੇਦਿਤਾ ਮੈਨਨ ਦੇ ਵਿਚਾਰ ਵੀ ਇਸ ਨੂੰ ਸਪੱਸ਼ਟ ਕਰਦੇ ਹਨ,

ਜਦੋਂ ਹੀ ਕਿਸੇ 'ਜ਼ਨਾਨਾ' ਕੰਮ ਦੀ ਪੇਸ਼ੇਵਰ ਕੀਮਤ ਪੈਂਦੀ ਹੈ ਤਾਂ ਇਸ ਉੱਤੇ ਮਰਦਾਨਾ ਗ਼ਲਬਾ ਕਾਇਮ ਹੋ ਜਾਂਦਾ ਹੈ। ਮਿਸਾਲ ਵਜੋਂ ਦਿੱਲੀ ਤੋਂ ਨਿਊਯੌਰਕ ਤੱਕ ਪਸ਼ੇਵਰ ਰਸੋਈਆਂ ਵਿੱਚ ਮਰਦਾਂ ਦੀ ਸਰਦਾਰੀ ਹੈ।[7]

ਕਿਰਤ ਦੀ ਵੰਡ ਤੋਂ ਇਲਾਵਾ ਨਾਰੀ ਸੁੰਦਰਤਾ ਦੀ ਮਿੱਥ ਵੀ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦਾ ਹੈ। ਸੱਭਿਆਚਾਰ ਵਿਚ ਜਿੰਨਾ ਵੀ ਹਾਰ-ਸ਼ਿੰਗਾਰ ਹੈ ਉਹ ਔਰਤਾਂ ਲਈ ਹੀ ਹੈ। ਨਾਰੀ ਨੂੰ ਪਤਲੀ, ਲੰਬੀ, ਗੋਰੀ, ਵੱਖ ਵੱਖ ਸਟਾਇਲਿੰਸ਼ ਕੱਪੜੇ, ਸੁਸ਼ੀਲ, ਸੰਗਾਊ, ਚਰਿੱਤਰਵਾਨ, ਬਚਕਾਨਾ ਹਰਕਤਾਂ ਆਦਿ ਨੂੰ ਨਾਰੀਤਵ ਨਾਲ ਜੋੜਿਆ ਜਾਂਦਾ ਹੈ। ਨਾਰੀ ਦੀ ਸੁੰਦਰਤਾ ਨੂੰ ਇਨ੍ਹਾਂ ਪੈਮਾਨਿਆਂ ਰਾਹੀਂ ਪਰਖਿਆ ਜਾਂਦਾ ਹੈ।ਸਮਾਜ ਨੇ ਨਾਰੀ ਦੀ ਜਿਸਮਾਨੀ ਖ਼ੂਬਸੂਰਤੀ ਕਾਇਮ ਰੱਖਣ ਲਈ ਹਾਰ-ਸ਼ਿੰਗਾਰ(Cosmestic) ਦੀਆਂ ਵਸਤਾਂ ਬਣਾਈਆਂ ਅਤੇ ਨਾਰੀ ਦੇ ਮਨ ਵਿਚ ਇਨ੍ਹਾਂ ਵਸਤਾਂ ਨੂੰ ਵਰਤਣ ਦੀ ਇੱਛਾ ਪੈਦਾ ਕੀਤੀ। ਸਮਾਜ ਵਿਚ ਮੋਟੀ, ਕਾਲੀ, ਚਰਿਤੱਰਹੀਣ ਨਾਰੀ ਨੂੰ ਚੰਗਾ ਨਹੀਂ ਮੰਨਿਆ ਜਾਂਦਾ। ਇਨ੍ਹਾਂ ਨੂੰ ਵਾਰ ਵਾਰ ਸਮਾਜ ਵੱਲੋਂ ਨਕਾਰਿਆ ਜਾਂਦਾ ਹੈ। ਕੁੜੀਆਂ ਨੂੰ 'ਚੰਗੀ ਕੁੜੀ' ਦੀ ਧਾਰਨਾ

ਨਾਲ ਵੀ ਜੋੜ ਦਿਤਾ ਜਾਂਦਾ ਹੈ। ਚੰਗੀ ਕੁੜੀ ਘਰ ਵਿੱਚ ਹੀ ਰਹਿੰਦੀ ਹੈ, ਸਾਰਿਆ ਦਾ ਕਿਹਾ ਮੰਨਦੀ ਹੈ, ਆਪਣੀਆਂ ਇਛਾਵਾਂ ਤਿਆਗ ਦਿੰਦੀ ਹੈ। ਵਿਆਹ ਵਾਸਤੇ ਹਮੇਸ਼ਾਂ ਹੀ ਚੰਗੀ ਕੁੜੀ ਦੀ ਭਾਲ ਕੀਤੀ ਜਾਂਦੀ ਹੈ। ਜਿਵੇਂ ਵਿਆਹ ਲਈ 'ਪਰੀਆਂ' ਵਰਗੀ ਕੁੜੀ ਦਾ ਸੰਕਲਪ ਭਾਰਤੀ/ਪੰਜਾਬੀ ਸਮਾਜ ਵਿਚ ਮੌਜੂਦ ਹੈ। ਇਨ੍ਹਾਂ ਮਿੱਥਾਂ ਤੋਂ ਕਿਸੇ ਸਮਾਜ ਦੀ ਮਾਨਸਿਕ ਪੱਧਰ ਦਾ ਅੰਦਾਜ਼ਾ ਲੱਗ ਜਾਂਦਾ ਹੈ। ਨਾਰੀ ਦੀ ਬਾਹਰਲੀ ਸਰੀਰਕ ਸੁੰਦਰਤਾ ਨੂੰ ਹੀ ਸਹੀ ਮਿਆਰ ਮੰਨ ਲਿਆ ਜਾਂਦਾ ਹੈ। ਜਦਕਿ ਉਸਦੀ ਕਾਬਲੀਅਤ ਨੂੰ ਅੱਖੋ ਓਹਲੇ ਕਰ ਦਿੱਤਾ ਜਾਂਦਾ ਹੈ ਅਤੇ ਬਾਹਰੀ ਦਿੱਖ ਨੂੰ ਹੀ ਉਸਦੀ ਸੁੰਦਰਤਾ ਨਾਲ ਜੋੜ ਦਿੱਤਾ ਜਾਂਦਾ ਹੈ। ਜਿਸ ਵਿਚਕਾਰ ਉਸਦੀ ਮੌਲਿਕ ਹੋਂਦ ਅਤੇ ਸਿਰਜਾਣਤਮਿਕ ਪਛਾਣ ਸੰਕਟ ਗ੍ਰਸਤ ਹੈ। ਜੇਕਰ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਔਰਤ ਦੀ ਸੁੰਦਰਤਾ ਦੀ ਮਿਥ ਸਮਾਜ ਵੱਲੋਂ ਘੜੀ ਜਾਂਦੀ ਹੈ। ਸਮਾਜਿਕ ਸੰਸਥਾਵਾਂ ਨੇ ਔਰਤ ਨੂੰ ਹਰ ਪੱਖ ਤੋਂ ਕਾਬੂ ਕਰ ਕੇ ਉਸਨੂੰ ਆਰਥਿਕ, ਮਾਨਸਿਕ ਤੋਂ ਕਮਜ਼ੋਰ ਕਰ ਕੇ ਆਪਣੇ ਅਧੀਨ ਕਰ ਲਿਆ ਹੈ। ਨੈਮੀ ਵੌਲਫ(Neomi Wolf) ਨੇ ਆਪਣੀ ਕਿਤਾਬ 'The Beauty Myth' ਵਿੱਚ ਸੁੰਦਰਤਾ ਦੀ ਮਿੱਥ ਨੂੰ ਤੋੜਿਆ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਕਿਵੇਂ ਸੁੰਦਰਤਾ ਨੂੰ ਔਰਤ ਲਈ ਜ਼ਰੂਰੀ ਬਣਾ ਦਿੱਤਾ ਜਾਂਦਾ ਹੈ। ਸਮਕਾਲੀ ਸਮਾਜ ਨਵ ਪੂੰਜੀਵਾਦੀ ਅਤੇ ਮੰਡੀ ਪ੍ਰਵਚਨਾਂ ਦੀ ਚੜ੍ਹਤ ਦਾ ਦੌਰ ਹੈ ਜਿਸ ਵਿੱਚ ਹਰ ਜੈਵਿਕ ਹੋਂਦ ਵਸਤੂ ਅਤੇ ਇਸ਼ਤਿਹਾਰ ਵਿੱਚ ਬਦਲੀ ਜਾ ਰਹੀਂ ਹੈ। ਦੇਖਣ ਨੂੰ ਤਾਂ ਇਹ ਸਮਾਂ ਔਰਤ ਦੀ ਆਜ਼ਾਦੀ ਅਤੇ ਖੁੱਲ੍ਹ ਦਾ ਲੱਗਦਾ ਹੈ ਪਰ ਅਸਲ ਵਿੱਚ ਇਹ ਸਮਾਂ ਔਰਤ ਦੇ ਸੁਹੱਪਣ, ਸੁੰਦਰਤਾਂ ਅਤੇ ਵਿਸ਼ਵਾਸ ਦੇ ਮੰਡੀਕਰਨ ਅਤੇ ਖਪਤ ਦਾ ਸਮਾਂ ਹੈ। ਇਸ ਕਰਕੇ ਮੰਡੀ ਪ੍ਰਵਚਨਾਂ ਨੇ ਔਰਤ ਦੇ ਬਜ਼ਾਰੂ, ਕਾਮੁਕ ਅਤੇ ਲਾਲਸਾ ਪੈਦਾ ਕਰਨ ਵਾਲੇ ਬਿੰਬ ਨੂੰ ਉਭਾਰਿਆਂ ਹੈ। ਜਿਸ ਕਾਰਨ ਸਮਕਾਲੀ ਔਰਤ ਜਾਗੀਰਦਾਰ ਸਮਾਜ ਵੱਲੋਂ ਘੜੇ ਨਾਰੀ ਬਿੰਬ (ਸੀਤਾ) ਅਤੇ ਮੰਡੀ ਪ੍ਰਵਚਨਾਂ ਵੱਲੋਂ ਘੜੇ ਨਾਰੀ ਬਿੰਬ (ਐਸ਼ਵਰੀਆਂ/ਦੀਪੀਕਾ ਪਾਦੁਕੋਣ) ਨਾਲ ਦੋ-ਚਾਰ ਹੋ ਰਹੀਂ ਹੈ। ਸਮਕਾਲ ਦੀਆਂ ਔਰਤਾਂ ਬਹੁਤ ਆਜ਼ਾਦ ਜ਼ਿੰਦਗੀ ਬਤੀਤ ਕਰ ਰਹੀਆਂ ਹਨ ਪਰ ਅਸਲੀਅਤ 'ਚ ਉਹ ਆਪਣੀ ਆਜ਼ਾਦੀ ਨੂੰ ਮਾਣ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਨੂੰ ਪੁਰਾਣੀ ਰਿਵਾਇਤ ਨਾਲੋਂ ਤੋੜ ਕੇ ਨਵੀਂ ਰਿਵਾਇਤ ਨਾਲ ਜੋੜ ਦਿੱਤਾ ਗਿਆ ਹੈ। ਸੁੰਦਰਤਾ ਦੀ ਮਿੱਥ ਦੀ ਨਿਰਮਾਣਕਾਰੀ ਪਿਛੇ ਪਿਤਰੀ ਸਮਾਜ ਦੀ ਸੱਤਾ ਕੰਮ ਕਰਦੀ ਹੈ। ਨਾਰੀ ਦੀ ਆਜ਼ਾਦੀ ਤੋਂ ਖ਼ੌਫ ਖਾਂਦੀ ਹੋਈ ਉਹ ਨਾਰੀ ਨੂੰ ਕਾਬੂ ਕਰਦੀ ਹੈ ਅਤੇ ਸਮਾਜ ਵਿਚ ਨਾਰੀ ਦੇ ਦੂਜੈਲੇ ਸਥਾਨ ਨੂੰ ਹੋਰ ਵੀ ਪੱਕਾ ਕਰਦੀ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਔਰਤਾਂ ਘਰ ਤੋਂ ਬਾਹਰ ਆ ਗਈਆਂ, ਜਿਸ ਨਾਲ ਪਿਤਰੀ ਸੱਤਾ ਦੇ ਧਰਮ ਦਾ ਪ੍ਰਭਾਵ ਘੱਟ ਗਿਆ ਹੈ ਪਰ ਨਵੇਂ ਸਮਾਜ ਨੇ ਔਰਤਾਂ ਦੇ ਮਨ ਨੂੰ ਨਵੇਂ ਸਿਰੇ ਤੋਂ ਘੜਨ ਲਈ ਨਵੀਂ ਤਕਨੀਕ ਵਰਤ ਲਈ ਹੈ ਅਤੇ ਉਸਨੂੰ ਸੁੰਦਰਤਾ ਦੀ ਮਿੱਥ ਨਾਲ ਕਾਬੂ ਕਰ ਲਿਆ ਹੈ। ਸੁੰਦਰਤਾ ਦੀ ਮਿਥ ਲਈ ਕੋਈ ਜੀਵ-ਵਿਗਿਆਨ ਜਾਂ

ਇਤਿਹਾਸਿਕ ਪਰਮਾਣਿਕਤਾ ਨਹੀਂ ਹੈ ਸਗੋਂ ਇਹ ਔਰਤਾਂ ਨੂੰ ਕਾਬੂ ਕਰਨ ਦਾ ਇੱਕ ਢੰਗ ਹੈ, ਜੋ ਸੱਭਿਆਚਾਰ ਅਰਥ-ਚਾਰੇ ਅਤੇ ਸ਼ਕਤੀ ਬਣਤਰ ਦੀ ਜ਼ਰੂਰਤ ਹੈ। ਨੈਮੀ ਵੌਲਫ ਅਨੁਸਾਰ,

> ਸੁੰਦਰਤਾ ਦੀ ਮਿੱਥ ਲਈ ਕੋਈ ਜ਼ਾਇਜ ਜੈਵਿਕ ਅਤੇ ਇਤਿਹਾਸਕ ਪ੍ਰਮਾਣਕਤਾ ਨਹੀਂ ਹੈ......ਇਹ
>
> ਅੱਜ ਦੇ ਸ਼ਕਤੀ ਬਣਤਰ,ਆਰਥਿਕਤਾ ਅਤੇ ਸੱਭਿਆਚਾਰ ਦੀ ਜ਼ਰੂਰਤ ਹੈ।[8]

ਸੁੰਦਰਤਾ ਮੁਕਾਬਲੇ ਵੀ ਨਾਰੀ ਨੂੰ ਵਸਤੂ ਦੀ ਤਰ੍ਹਾਂ ਪੇਸ਼ ਕਰਦੇ ਹਨ। ਰੈਡੀਕਲ ਨਾਰੀਵਾਦੀਆਂ ਨੇ 1970ਈ. ਅਮਰੀਕਾ ਵਿਚ ਸੁੰਦਰਤਾ ਮੁਕਾਬਲਿਆ ਵਿਰੁੱਧ ਰੋਹ ਪ੍ਰਗਟ ਕੀਤਾ। ਉਨ੍ਹਾਂ ਨੇ ਨਾਰੀ ਨੂੰ ਸੁੰਦਰ ਬਣਾਉਂਣ ਵਾਲੀਆਂ ਵਸਤਾਂ ਜਿਵੇਂ ਹਾਰ-ਸ਼ਿੰਗਾਰ ਦਾ ਸਮਾਨ ਨੂੰ ਕੂੜੇਦਾਨ ਵਿੱਚ ਸੁੱਟ ਦਿੱਤਾ ਸੀ ਕਿਉਂਕਿ ਇਹ ਸਮਾਨ ਪਿਤਰੀ ਢਾਂਚੇ ਦੁਆਰਾ ਔਰਤਾਂ ਨੂੰ ਕਾਬੂ ਕਰਨ ਦਾ ਇੱਕ ਸੰਦ ਮੰਨਿਆ ਜਾਂਦਾ ਸੀ। 1970 ਵਿਚ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਨਾਰੀਵਾਦੀਆਂ ਨੇ ਇਕ ਮੁਜ਼ਾਹਰਾ ਕੀਤਾ ਅਤੇ ਇਸ ਸ਼ਹਿਰ ਦੇ ਬਜ਼ਾਰਾਂ ਵਿਚ ਥਾਂ-ਥਾਂ ਤੇ ਕੂੜੇਦਾਨ ਰੱਖ ਕੇ ਉਨ੍ਹਾਂ ਵਿਚ ਆਪਣੀਆਂ ਅੰਗੀਆਂ ਅਤੇ ਹੋਰ ਸ਼ਿੰਗਾਰ-ਵਸਤਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ।[9]

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਰੀ ਦਾ ਬਿੰਬ ਘੜਿਆ ਗਿਆ ਹੈ, ਉਸਦੀ ਸਿਧਾਂਤਕਾਰੀ ਵਿਚ ਭੌਤਿਕ ਪ੍ਰਸਥਿਤੀਆਂ ਮਰਦਾਵੀ ਸੱਤਾ ਅਤੇ ਦਾਬਾ, ਸਾਮੰਤੀ ਮੁੱਲ ਪ੍ਰਬੰਧ, ਨਵ ਪੂੰਜੀਵਾਦੀ ਤਾਕਤਾਂ ਅਤੇ ਮੰਡੀ ਪ੍ਰਵਚਨ ਦਾ ਪ੍ਰਮੁੱਖ ਰੋਲ ਹੈ। ਨਿਜੀ ਜਾਇਦਾਦ ਦੇ ਸੰਕਲਪ ਨਾਲ ਨਾਰੀ ਦੀ ਇਤਿਹਾਸਕ ਹਾਰ ਹੋਈ। ਉਹ ਹਮੇਸ਼ਾ ਲਈ ਘਰ ਵਿਚ ਕੈਦ ਹੋ ਗਈ ਜਿਸ ਤੋਂ ਸ਼ੁੱਧ ਸੰਤਾਨ ਦੀ ਮੰਗ ਕੀਤੀ ਗਈ ਅਤੇ ਉਸਨੂੰ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਵੀ ਸਮਝਿਆ ਗਿਆ। ਘਰ ਵਿਚ ਰਹਿਣ ਨਾਲ ਨਾਰੀ ਦੀ ਮਾਨਸਿਕ ਸ਼ਕਤੀ ਕਮਜ਼ੋਰ ਅਤੇ ਪੁਰਸ਼ ਦੀ ਮਾਨਸਿਕ ਸ਼ਕਤੀ ਹੋਰ ਮਜ਼ਬੂਤ ਹੋ ਗਈ ਸੀ। ਘਰ ਵਿਚ ਕੈਦ ਕਰਨ ਤੋਂ ਬਾਅਦ ਨਾਰੀ ਨੂੰ ਗਿਆਨ ਦੇ ਪ੍ਰਵਚਨ ਨਾਲ ਕਾਬੂ ਕੀਤਾ ਗਿਆ। ਉਸ ਨੂੰ ਕਾਬੂ ਕਰਨ ਦੇ ਨਵੇਂ ਤੋਂ ਨਵੇਂ ਢੰਗ ਲੱਭੇ ਗਏ। ਨਾਰੀ ਨੂੰ ਗਿਆਨ ਰਾਹੀਂ, ਮਿੱਥਾ ਰਾਹੀਂ, ਮੁੱਲ ਪ੍ਰਬੰਧ ਰਾਹੀਂ, ਸੱਭਿਆਚਾਰ ਰਾਹੀਂ ਕਾਬੂ ਕੀਤਾ ਗਿਆ ਨਾਰੀ ਬਿੰਬ ਦੀ ਨਿਰਮਾਣਕਾਰੀ ਲਈ ਮਰਦ ਦੁਆਰਾ ਉਸਨੂੰ ਨਾਰੀਤਵ ਨਾਲ ਜੋੜ ਦਿਤਾ ਗਿਆ। ਉਸ ਤੋਂ ਮੰਗ ਕੀਤੀ ਗਈ ਕਿ ਉਹ ਚੰਗੀ, ਸਿਆਣੀ, ਸੁੰਦਰ ਨਾਰੀ ਬਣੇ। ਇਸ ਦੇ ਬਦਲੇ ਮਰਦ ਦੁਅਰਾ ਉਸ ਦਾ ਸਤੀ ਸਵਿਤਰੀ ਵਾਲਾ ਬਿੰਬ, ਧਰਮ ਦੀ ਮੋਹਰ ਲਵਾ ਕੇ ਵੱਡੇ ਪੱਧਰ ਤੇ ਸਥਾਪਿਤ ਕੀਤਾ ਗਿਆ। ਇਸ ਲਈ ਉਸਦੇ ਸੁਭਾਅ ਨੂੰ ਕਿਰਤ ਦੀ ਵੰਡ ਨਾਲ ਜੋੜਿਆ ਗਿਆ। ਸਮਾਜਿਕ ਬਣਤਰ ਵਿਚ ਕਿਰਤ ਦੀ ਲਿੰਗਵਾਦੀ ਵੰਡ ਕੀਤੀ ਗਈ। ਔਰਤਾਂ ਨੂੰ

ਚੁੱਲੇ-ਚੌਕੇ, ਬੱਚਿਆਂ ਦੀ ਦੇਖ-ਰੇਖ ਅਤੇ ਘਰ ਦੀ ਸੰਭਾਲ ਦੇ ਕੰਮ ਦਿੱਤੇ ਗਏ। ਭਾਵੇਂ ਕਿ ਨਵੀਂ ਟੈਕਨੋਲਜ਼ੀ ਨੇ ਔਰਤ ਦੀ ਗ਼ੁਲਾਮੀ ਨੂੰ ਘੱਟ ਕਰ ਕੇ ਪਿੱਤਰੀ ਸੱਤਾ ਦੇ ਤੰਤਰ ਨੂੰ ਢਿੱਲਾ ਕੀਤਾ ਹੈ ਪਰ ਫਿਰ ਵੀ ਨਾਰੀ ਨੂੰ ਅਸਮਾਨਤਾਵਾਂ ਦਾ ਸਾਮ੍ਹਣਾ ਕਰਨਾ ਪੈਦਾ ਹੈ। ਸਾਮੰਤੀ ਅਤੇ ਪੂੰਜੀਵਾਦੀ ਯੁੱਗ ਦੀ ਮਰਦਾਵੀਂ ਸਿਆਸਤ ਨੇ ਔਰਤ ਨੂੰ ਦੇਵੀ ਜਾਂ ਦੇਵਦਾਸੀ ਅਤੇ ਟੀ.ਵੀ ਇਸ਼ਤਿਹਾਰ ਦੇ ਬਜ਼ਾਰੂ ਬਿੰਬ ਵਜੋਂ ਘੜ੍ਹਿਆਂ ਹੈ। ਇਹ ਬਿੰਬ ਮਰਦਾਵੀਂ ਦਾਬੇ ਅਤੇ ਚੇਤਨਾ ਕਾਰਨ ਸਾਹਿਤ ਅਤੇ ਕਲਾ ਵਿੱਚ ਵੀ ਲੰਮਾਂ ਸਮਾਂ ਛਾਇਆ ਰਿਹਾ ਪਰ ਪੱਛਮੀ ਨਾਰੀਵਾਦ ਅਤੇ ਚਿੰਤਨ ਨੇ ਸਮੁੱਚੇ ਵਿਸ਼ਵ ਅੰਦਰ ਸਿਧਾਂਤਿਕ ਪੱਧਰ ਤੇ ਇਹ ਚੇਤਨਾ ਪੈਦਾ ਕੀਤੀ ਕਿ ਨਾਰੀ ਬਿੰਬ ਦੇ ਨਿਰਮਾਣ ਦੇ ਸਾਰੇ ਸਿਧਾਂਤ ਮਰਦ ਦੁਆਰਾ ਘੜ੍ਹੇ ਗਏ ਹਨ। ਇਸ ਕਰਕੇ ਨਾਰੀ ਬਿੰਬ ਦੀ ਸਹੀ ਤਸਵੀਰਕਸ਼ੀ ਔਰਤ ਵੱਲੋਂ ਔਰਤ ਦੇ ਦ੍ਰਿਸ਼ਟੀਕੋਣ ਅਤੇ ਚੇਤਨਾ ਰਾਹੀਂ ਸੰਭਵ ਹੋਈ ਹੈ ਕਿਉਂਕਿ ਔਰਤ ਨੇ ਮਰਦ ਨੂੰ ਜੈਵਿਕ ਹੋਂਦ ਅਤੇ ਬਰਾਬਰ ਦੀ ਧਿਰ ਵਜੋਂ ਸਮਝਿਆਂ ਨਾ ਕਿ ਉਪਭੋਗ ਦੀ ਵਸਤੂ ਵਾਂਗ।

ਹਵਾਲੇ ਅਤੇ ਟਿੱਪਣੀਆਂ :-

1. ਏਂਗਲਜ਼, ਟੱਬਰ ਨਿਜੀ ਜਾਇਦਾਦ ਅਤੇ ਰਾਜ ਦਾ ਮੁਢ, ਪੰਜਾਬ ਬੁੱਕ ਸੈਂਟਰ, ਜਲੰਧਰ, ਚੰਡੀਗੜ੍ਹ, ਮਈ 2010, ਪੰਨਾ 80
2. ਉਧਰਿਤ, ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 163
3. ਸੀਮੋਨ ਦ ਬੋਅਵਾਰ, ਦ ਸੈਕੰਡ ਸੈਕਸ, (ਅਨੁ.ਜਸਵੀਰ ਕੌਰ), ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2014, ਪੰਨਾ 166
4. Men and women are not homogenous categories, therefore intra-group variations exists according to age, socioeco- nomic class, race, sexuality, and individual variation.It claims, such as men are stronger than women, ignores both same-sex differences and the fact that some women are stronger than some men.Justin Charlebois, Gender and the construction of dominant, hegemonic, and oppositional femininities, Rowman & Littlefield Publishers,Inc, 2011, page 8

5. The discourse is that it exaggerqtes and distorts the significance of women's reproductive capacity by extending it to the social realm and it fails to account for why masculine is more highly valued than feminine.Surely men and women both have the capacity to care.Ibid, page 14
6. A number of factors, including the sex segregation and discrimination of the workplace itself, tend to be cyclical in their effects:wives advance more slowly than their husbands at work and thus gain less seniority and the discrepancy between their wages increases over time.Then because the power structure of the family reflect the fact that the husband usually earns more...thus the cycle of inequality is perpetuated. Susan Moller Okin, Justic, Gender And The Family, Basic Books, Inc, Publishers, New York, 1989. Page 5
7. ਨਿਵੇਦਿਤਾ ਮੈਮਨ, ਨਾਰੀਵਾਦੀ ਨਜ਼ਰੀਆਂ,(ਅਨ.ਦਲਜੀਤ ਅਮੀ), ਤਦਬੀਰ ਪ੍ਰਕਾਸ਼ਨ, ਖਰੜ, 2018, ਪੰਨਾ 16
8. There is no legitimate historical or biological justification for the beauty myth...............the need of today's power structure, economy, and culture. Naomi Wolf, The Beauty Myth : how Images oF beauty are used against women, Harper Collins e-books, new york, 2002, page 13
9. ਟੀ.ਆਰ ਵਿਨੋਦ, ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 229